Press Note

**JAGAT GURU NANAK DEV PUNJAB STATE OPEN UNIVERSITY, PATIALA**
(Established by Act No.19 of 2019 of Legislature of the State of Punjab)

PSOU/PRO/2025/158 | 24 ਅਪ੍ਰੈਲ 2025

## ਓਪਨ ਯੂਨੀਵਰਸਿਟੀ, ਪਟਿਆਲਾ ਵਲੋਂ ਪਹਿਲਗਾਮ (ਕਸ਼ਮੀਰ) ਘਟਨਾ ਤੇ ਸ਼ੋਕ ਸਭਾ

**24 ਅਪ੍ਰੈਲ 2025**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵੱਲੋਂ ਪਹਿਲਗਾਮ (ਕਸ਼ਮੀਰ) ਘਟਨਾ ਤੇ ਸ਼ੋਕ ਸਭਾ ਕੀਤੀ ਗਈ। ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, ਰਜਿਸਟਰਾਰ (ਕ.) ਨੇ ਕਿਹਾ ਕਿ ਇਹ ਘਟਨਾ ਨਾ ਸਿਰਫ ਮਨੁੱਖਤਾ ਖਿਲਾਫ਼ ਹੈ, ਸਗੋਂ ਸਮਾਜਕ ਸਾਂਝ ਤੇ ਅਮਨ-ਚੈਨ ਨੂੰ ਝਟਕਾ ਦੇਣ ਵਾਲੀ ਹੈ। ਉਹਨਾਂ ਕਿਹਾ ਕਿ ਸਭ ਤੋਂ ਪਹਿਲਾਂ, ਅਸੀਂ ਇਸ ਘਟਨਾਂ ਵਿੱਚ ਜਾਨ ਗੁਆ ਬੈਠੇ ਮਾਸੂਮ ਲੋਕਾਂ ਦੇ ਪਰਿਵਾਰਾਂ ਨਾਲ ਸ਼ੋਕ ਪ੍ਰਗਟ ਕਰਦੇ ਹਾਂ। ਪ੍ਰੋ. (ਡਾ.) ਕੰਵਲਵੀਰ ਸਿੰਘ ਢੀਡਸਾ, ਕੰਟਰੋਲਰ ਪ੍ਰੀਖਿਆਵਾਂ ਨੇ ਕਿਹਾ ਕਿ "ਇਹ ਮਾਮਲਾ ਸਾਡੀ ਸਾਂਝੀ ਪੀੜ ਦਾ ਹੈ। ਸਾਨੂੰ ਸਾਰਿਆਂ ਨੂੰ ਇਕੱਠਾ ਹੋ ਕੇ ਦੁਖ ਸਾਂਝਾ ਕਰਨ ਦੀ ਲੋੜ ਹੈ। ਇਸ ਸ਼ੋਕ ਸਭਾ ਦੌਰਾਨ ਯੂਨੀਵਰਸਿਟੀ ਦੇ ਸਟਾਫ਼ ਅਤੇ ਫੈਕਲਟੀ ਮੈਂਬਰ ਮੌਜੂਦ ਸਨ। ਇਨ੍ਹਾਂ ਦੇ ਨਾਲ ਨਾਲ ਚੱਲ ਰਹੀ ਟੀਚਰਸ ਟ੍ਰੇਨਿੰਗ ਵਰਕਸ਼ਾਪ ਵਿੱਚ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਨੇ ਵੀ ਸ਼ੋਕ ਸਭਾ ਵਿੱਚ ਹਾਜ਼ਰੀ ਭਰੀ।

24/03/25

ਡਾਇਰੈਕਟਰ
ਲੋਕ ਸੰਪਰਕ
Director-Public Relations Cell
Jagat Guru Nanak Dev
Punjab State Open University
Patiala – 147001(PB) INDIA